# ਜਦੋਂ ਲੇਬਰ ਸ਼ੁਰੂ ਹੁੰਦੀ ਹੈ...

*ਲੇਬਰ ਦਾ ਪਹਿਲਾਂ ਸ਼ੁਰੂ ਹੋਣਾ ਜਨਮ ਦੇਣ ਦੇ ਕਾਰਜ ਦਾ ਇਕ ਆਮ ਹਿੱਸਾ ਹੈ*

Power TO PUSH CAMPAIGN
Know your options, take control.

Women's
BC WOMEN'S HOSPITAL & HEALTH CENTRE
An agency of the Provincial Health Services Authority

## ਅਰਲੀ ਲੇਬਰ ਕੀ ਹੈ?

ਇਹ ਉਦੋਂ ਹੁੰਦਾ ਹੈ ਜਦੋਂ ਅਸਾਧਾਰਣ ਸੁੰਗੜਾਉ (ਕੌਨਟਰੈਕਸ਼ਨਜ਼) ਸ਼ੁਰੂ ਹੋ ਜਾਂਦਾ ਹੈ, ਅਤੇ ਤੁਹਾਡੀ ਬੱਚੇਦਾਨੀ ਦਾ ਮੂੰਹ ਨਰਮ, ਛੋਟਾ ਅਤੇ ਖੁਲ੍ਹਣ ਲਈ ਤਿਆਰ ਹੋ ਜਾਂਦਾ ਹੈ। *ਅਰਲੀ ਲੇਬਰ (ਅਗਾਊਂ ਜੰਮਣ-ਪੀੜ) ਕਈ ਘੰਟੇ ਰਹਿ ਸਕਦੀ ਹੈ ਅਤੇ ਇਹ ਜਨਮ ਦੇਣ ਦੇ ਕਾਰਜ ਦਾ ਇਕ ਆਮ ਹਿੱਸਾ ਹੈ।*

## ਅਰਲੀ ਲੇਬਰ ਕਿਸ ਤਰ੍ਹਾਂ ਮਹਿਸੂਸ ਹੁੰਦੀ ਹੈ?

- ਸੁੰਗੜਾਉ ਹਲਕੇ ਤੋਂ ਦਰਮਿਆਨਾ ਹੁੰਦਾ ਹੈ, 30-45 ਸਕਿੰਟ ਰਹਿੰਦਾ ਹੈ ਅਤੇ ਅਕਸਰ ਬੇਨੇਮਾ ਹੁੰਦਾ ਹੈ
- ਤੁਹਾਡੀ ਪਿੱਠ ਵਿਚ ਦਰਦ ਹੋ ਸਕਦੀ ਹੈ ਜਾਂ ਢਿੱਡ-ਪੀੜ ਹੋ ਸਕਦੀ ਹੈ
- ਤੁਹਾਡੀ ਯੋਨੀ ਵਿੱਚੋਂ ਖ਼ੂਨ ਵਾਲਾ ਜਾਂ ਲੇਸਦਾਰ ਭਾਰੀ ਡਿਸਚਾਰਜ ਹੋ ਸਕਦਾ ਹੈ
- ਤੁਹਾਡਾ ਪਾਣੀ ਕੜ ਟੁੱਟ ਕੇ ਜਾਂ ਹੌਲੀ ਹੌਲੀ ਲੀਕ ਹੋ ਕੇ ਬਾਹਰ ਆ ਸਕਦਾ ਹੈ
- ਤੁਹਾਡੇ ਪੇਟ ਵਿਚ ਗੜਬੜ ਹੋ ਸਕਦੀ ਹੈ
- ਤੁਹਾਨੂੰ ਸੌਣ ਵਿਚ ਜਾਂ ਜਜ਼ਬਾਤੀ ਹੋਣ ਵਿਚ ਮੁਸ਼ਕਲ ਆ ਸਕਦੀ ਹੈ

## ਅਰਲੀ ਲੇਬਰ ਵਿਚ ਆਰਾਮ ਲਈ ਮੈਂ ਕੀ ਕਰ ਸਕਦੀ ਹਾਂ?

- ਆਪਣੀ ਮਦਦ ਵਾਲੇ ਵਿਅਕਤੀ ਨਾਲ ਸੰਪਰਕ ਕਰੋ
- ਤੁਰੋ ਅਤੇ ਆਰਾਮ ਕਰੋ ਅਤੇ ਅਜਿਹਾ ਕਰਦੇ ਰਹੋ
- ਜੇ ਭੁੱਖ ਲੱਗੇ ਤਾਂ ਹਲਕਾ ਖਾਉ
- ਬਹੁਤ ਸਾਰਾ ਤਰਲ ਪੀਉ
- ਸੁੰਗੜਾਉ ਹੋਣ ਦੌਰਾਨ ਹੌਲੀ ਸਾਹ ਲਵੋ
- ਸ਼ਾਵਰ ਲਵੋ ਜਾਂ ਨਹਾਉ
- ਅਕਸਰ ਆਸਣ ਬਦਲੋ (ਉਦਾਹਰਣਾਂ ਲਈ ਦੂਜਾ ਪਾਸਾ ਦੇਖੋ)
- ਆਪਣੀ ਪਿੱਠ ਦੇ ਹੇਠਲੇ ਪਾਸੇ ਹੀਟ ਰੱਖੋ
- ਮਾਲਸ਼ ਕਰਕੇ ਦੇਖੋ
- ਆਪਣੀ ਪਸੰਦ ਦੀ ਕਿਸੇ ਸਰਗਰਮੀ ਨਾਲ ਆਪਣਾ ਧਿਆਨ ਹੋਰ ਪਾਸੇ ਪਾਉਣ ਦੀ ਕੋਸ਼ਿਸ਼ ਕਰੋ

## ਜੇ ਸੁੰਗੜਾਉ ਦੇ ਸਬੰਧ ਵਿਚ ਮੈਨੂੰ ਹੋਰ ਮਦਦ ਦੀ ਲੋੜ ਹੋਵੇ ਤਾਂ ਮੈਂ ਕੀ ਕਰ ਸਕਦੀ ਹਾਂ?

- ਆਪਣੀ ਡੂਲਾ ਨੂੰ ਫੋਨ ਕਰੋ (ਜੇ ਤੁਹਾਡੇ ਕੋਲ ਹੈ) ਅਤੇ ਆਪਣੇ ਸਾਥੀ ਜਾਂ ਮਦਦ ਕਰਨ ਵਾਲੇ ਵਿਅਕਤੀ ਨੂੰ ਆਪਣੇ ਕੋਲ ਰੱਖੋ
- ਆਪਣੇ ਡਾਕਟਰ ਜਾਂ ਮਿਡਵਾਈਫ ਨੂੰ ਫੋਨ ਕਰੋ (ਉਨ੍ਹਾਂ ਨੂੰ ਪਹਿਲਾਂ ਹੀ ਪੁੱਛ ਕੇ ਰੱਖੋ ਕਿ ਦਫਤਰੀ ਸਮੇਂ ਤੋਂ ਬਾਅਦ ਉਨ੍ਹਾਂ ਨਾਲ ਸੰਪਰਕ ਕਿਵੇਂ ਕਰਨਾ ਹੈ)
- ਚੈੱਕਅੱਪ, ਜਾਣਕਾਰੀ ਅਤੇ ਮਦਦ ਲਈ ਹਸਪਤਾਲ ਜਾਉ – ਹਸਪਤਾਲ ਦਾ ਸਟਾਫ ਤੁਹਾਨੂੰ ਘਰ ਜਾਣ ਅਤੇ ਬਾਅਦ ਵਿਚ ਵਾਪਸ ਆਉਣ ਲਈ ਕਹਿ ਸਕਦਾ ਹੈ
- ਆਪਣੇ ਹਸਪਤਾਲ ਦੇ ਮੈਟਰਨਿਟੀ ਯੂਨਿਟ ਨੂੰ ਫੋਨ ਕਰੋ ਅਤੇ ਕਿਸੇ ਨਰਸ ਨਾਲ ਗੱਲ ਕਰੋ

## ਆਪਣੇ ਡਾਕਟਰ ਜਾਂ ਮਿਡਵਾਈਫ ਨੂੰ ਫੋਨ ਕਰੋ ਜੇ:

- ਤੁਹਾਡਾ ਸੁੰਗੜਾਉ ਜ਼ਿਆਦਾ ਤੇਜ਼ ਅਤੇ ਛੇਤੀ ਛੇਤੀ ਹੋਵੇ
- ਤੁਹਾਨੂੰ ਘਰ ਵਿਚ ਸੁੰਗੜਾਉ ਨਾਲ ਸਿੱਝਣ ਵਿਚ ਸਮੱਸਿਆ ਆਵੇ
- ਤੁਹਾਨੂੰ ਹਰ ਸੁੰਗੜਾਉ ਨਾਲ ਬਾਹਰ ਨੂੰ ਧੱਕਦੇ ਜਾਂ ਜਨਮ ਦਿੰਦੇ ਮਹਿਸੂਸ ਹੋਵੇ
- ਤੁਹਾਨੂੰ ਲੱਗਦਾ ਹੈ ਕਿ ਪਾਣੀ ਟੁੱਟ ਗਿਆ ਹੈ
- ਤੁਹਾਡੀ ਯੋਨੀ ਵਿੱਚੋਂ ਭਾਰੀ ਬਲੀਡਿੰਗ ਹੋਵੇ (ਪੀਰੀਅਡ ਨਾਲੋਂ ਜ਼ਿਆਦਾ)
- ਤੁਸੀਂ ਮਹਿਸੂਸ ਕੀਤਾ ਹੈ ਕਿ ਤੁਹਾਡਾ ਬੱਚਾ ਆਮ ਨਾਲੋਂ ਕਿਤੇ ਘੱਟ ਹਿਲਜੁਲ ਕਰ ਰਿਹਾ ਹੈ
- ਤੁਹਾਨੂੰ 38 ਸੀ (100.4 ਐੱਫ) ਜਾਂ ਜ਼ਿਆਦਾ ਬੁਖਾਰ ਹੈ

**ਤੁਹਾਡਾ ਡਾਕਟਰ ਜਾਂ ਮਿਡਵਾਈਫ ਇਹ ਫੈਸਲਾ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਕਿ ਹਸਪਤਾਲ ਜਾਣ ਦਾ ਕਦੋਂ ਸਮਾਂ ਹੈ।**

**ਜੇ ਤੁਸੀਂ ਆਪਣੇ ਡਾਕਟਰ ਜਾਂ ਮਿਡਵਾਈਫ ਨਾਲ ਸੰਪਰਕ ਕਰਨ ਦੇ ਯੋਗ ਨਾ ਹੋਵੋ ਤਾਂ ਆਪਣੇ ਲੋਕਲ ਹਸਪਤਾਲ ਦੇ ਮੈਟਰਨਿਟੀ ਯੂਨਿਟ ਨੂੰ ਫੋਨ ਕਰੋ।**

# ਲੇਬਰ ਦੇ ਆਸਣਾਂ ਦੀ ਉਦਾਹਰਣ



ਖੜ੍ਹਨਾ



ਬਰਥਿੰਗ ਗੇਂਦ



ਸਿੱਧੇ ਬਹਿਣਾ



ਗੋਡਿਆਂ ਭਾਰ ਹੋਣਾ



ਅੱਧਾ ਬਹਿਣਾ



ਇਕ ਪਾਸੇ ਲੰਮੇ ਪੈਣਾ

ਇਹ ਚਿੱਤਰ ਬੇਬੀ'ਜ਼ ਬੈੱਸਟ ਚਾਂਸ: ਗਰਭ ਅਤੇ ਬੱਚੇ ਦੀ ਸੰਭਾਲ ਲਈ ਮਾਪਿਆਂ ਦੀ ਗਾਈਡ ਤੋਂ ਆਗਿਆ ਲੈ ਕੇ ਦੁਬਾਰਾ ਛਾਪੇ ਗਏ ਹਨ। ਲੇਬਰ ਅਤੇ ਡਲਿਵਰੀ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ www.bestchance.gov.bc.ca ਵੈੱਬਸਾਈਟ ਦੇਖੋ।